# ਐਚ ਐਫ਼ ਈ ਏ ਰਜ਼ਾਮੰਦੀ ਫ਼ਾਰਮ ਭਰਨ ਬਾਰੇ ਜਾਣਕਾਰੀ

ਹਿਊਮਨ ਫ਼ਰਟਿਲਾਈਜ਼ੇਸ਼ਨ ਐਂਡ ਐਂਬ੍ਰਿਓਲੋਜੀ ਅਥਾਰਿਟੀ (ਐਚ ਐਫ਼ ਈ ਏ HFEA) ਦੇ ਰਜ਼ਾਮੰਦੀ ਲੈਣ ਵਾਲੇ ਫ਼ਾਰਮ ਲਾਈਸੰਸਸ਼ੁਦਾ ਸੈਂਟਰਾਂ ਵਿਚ ਦਾਨੀਆਂ, ਮਰੀਜ਼ਾਂ ਅਤੇ ਉਹਨਾਂ ਦੇ ਸਾਥੀਆਂ ਵਲੋਂ ਭਰੇ ਜਾਂਦੇ ਹਨ ਜਿਹਦਾ ਮੰਤਵ ਫ਼ਰਟਿਲਿਟੀ (ਬੱਚੇ ਪੈਦਾ ਕਰਨ ਦੀ ਯੋਗਤਾ) ਦੇ ਇਲਾਜ ਦੇ ਵੱਖ ਵੱਖ ਪਹਿਲੂਆਂ ਨੂੰ ਰਿਕਾਰਡ ਕਰਨਾ ਹੈ। ਇਸ ਦਸਤਵੇਜ਼ ਵਿਚ ਐਚ ਐਫ਼ ਈ ਏ ਦੇ ਰਜ਼ਾਮੰਦੀ ਫ਼ਾਰਮਾਂ ਦੇ ਪਿਛੋਕੜ ਦੀ ਜਾਣਕਾਰੀ ਦਿੱਤੀ ਗਈ ਹੈ।

## ਇਲਾਜ ਕਰਵਾਉਣ, ਸਟੋਰ ਕਰਨ ਅਤੇ/ਜਾਂ ਦਾਨ ਦੇਣ ਬਾਰੇ ਰਜ਼ਾਮੰਦੀ

ਹਿਊਮਨ ਫ਼ਰਟਿਲਾਈਜ਼ੇਸ਼ਨ ਐਂਡ ਐਂਬ੍ਰਿਓਲੋਜੀ (ਐਚ ਐਫ਼ ਈ) ਐਕਟ 1990 (ਸੋਧੇ ਹੋਏ) ਦੇ ਤਹਿਤ ਲਾਈਸੰਸਸ਼ੁਦਾ ਸੈਂਟਰਾਂ ਲਈ ਕਿਸੇ ਵਿਅਕਤੀ ਦੇ ਆਂਡਿਆਂ, ਵੀਰਜ ਕਣਾਂ ਜਾਂ ਗਰਭਾਂ ਨੂੰ ਸਟੋਰ ਕਰਨ ਜਾਂ ਵਰਤਣ ਤੋਂ ਪਹਿਲਾਂ ਉਹਦੀ ਸੋਚ ਸਮਝ ਕੇ ਦਿੱਤੀ ਇਜਾਜ਼ਤ ਲੈਣਾ ਲਾਜ਼ਮੀ ਹੈ। ਇਹ ਲਾਜ਼ਮੀ ਹੈ ਕਿ:

- ਉਸ ਵਿਅਕਤੀ ਨੂੰ ਕਾਫ਼ੀ ਜਾਣਕਾਰੀ ਦਿੱਤੀ ਜਾਵੇ ਜਿਹਦੇ ਨਾਲ ਉਹਨੂੰ ਆਪਣੇ ਇਸ ਇਲਾਜ ਜਾਂ ਦਾਨ ਦੇਣ ਦੀ ਕਿਸਮ, ਮੰਤਵ ਅਤੇ ਨਤੀਜਿਆਂ ਬਾਰੇ ਸਮਝ ਆ ਜਾਏ
- ਉਹਨੂੰ ਸਹੀ ਮੌਕਾ ਦਿੱਤਾ ਜਾਏ ਕਿ ਜੋ ਕੰਮ ਉਹ ਕਰਨ ਦਾ ਵਿਚਾਰ ਬਣਾ ਰਿਹਾ/ਰਹੀ ਹੈ, ਉਹਨਾਂ ਬਾਰੇ ਉਹ ਠੀਕ ਸਲਾਹ ਮਸ਼ਵਰਾ ਲੈ ਸਕੇ, ਅਤੇ
- ਉਹਨੂੰ ਦਿੱਤੀ ਗਈ ਰਜ਼ਾਮੰਦੀ ਨੂੰ ਬਦਲਣ ਜਾਂ ਵਾਪਸ ਲੈਣ ਦੇ ਢੰਗਾਂ ਬਾਰੇ ਅਤੇ ਇਹਨਾਂ ਕੰਮਾਂ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੱਤੀ ਜਾਏ।

ਐਚ ਐਫ਼ ਈ ਏ ਨੇ ਸੈਂਟਰਾਂ ਨੂੰ ਹੇਠ ਲਿਖੇ ਫ਼ਾਰਮ ਦਿੱਤੇ ਹੋਏ ਹਨ, ਜਿਹਨਾਂ ਦੀ ਵਰਤੋਂ ਸੈਂਟਰ ਰਜ਼ਾਮੰਦੀ ਲੈਣ ਲਈ ਕਰਦੇ ਹਨ।

### ਇਲਾਜ

| | |
|---|---|
| MT (ਐਮ ਟੀ) | ਤੁਹਾਡੇ ਵੀਰਜ ਕਣ, ਭਰੂਣ (ਗਰਭ ਬਣ ਰਹੇ ਬੱਚੇ) ਦੀ ਵਰਤੋਂ ਤੁਹਾਡੀ ਸਾਥਣ ਦਾ ਇਲਾਜ ਕਰਨ ਅਤੇ ਤੁਹਾਡੇ ਭਰੂਣ ਨੂੰ ਸਟੋਰ ਕਰਨ ਲਈ ਰਜ਼ਾਮੰਦੀ ਲੈਣਾ |
| WT (ਡਬਲਯੂ ਟੀ) | ਤੁਹਾਡੇ (ਮਾਦਾ) ਆਂਡਿਆਂ ਅਤੇ ਭਰੂਣ ਦੀ ਵਰਤੋਂ ਤੁਹਾਡਾ ਇਲਾਜ ਕਰਨ ਅਤੇ ਤੁਹਾਡੇ ਭਰੂਣ ਨੂੰ ਸਟੋਰ ਕਰਨ ਲਈ ਰਜ਼ਾਮੰਦੀ ਲੈਣਾ |
| MGI (ਐਮ ਜੀ ਆਈ) | ਤੁਹਾਡੇ ਵੀਰਜ ਕਣ ਦੀ ਵਰਤੋਂ ਨਕਲੀ ਢੰਗ ਨਾਲ ਗਰਭ ਕਰਨ ਲਈ ਵਰਤਣ ਲਈ ਰਜ਼ਾਮੰਦੀ ਲੈਣਾ |
| WGI (ਡਬਲਯੂ ਜੀ ਆਈ) | ਤੁਹਾਡੇ ਆਂਡਿਆਂ ਦੀ ਗਿਫ਼ਟ (GIFT) ਵਿਚ ਵਰਤੋਂ ਕਰਨ ਲਈ ਰਜ਼ਾਮੰਦੀ ਲੈਣਾ |

### ਸਟੋਰ ਕਰਨਾ

| | |
|---|---|
| GS (ਜੀ ਐੱਸ) | ਤੁਹਾਡੇ ਆਂਡਿਆਂ ਜਾਂ ਵੀਰਜ ਕਣਾਂ ਨੂੰ ਸਟੋਰ ਕਰਨ ਲਈ ਤੁਹਾਡੀ ਰਜ਼ਾਮੰਦੀ ਲੈਣਾ |
| LGS (ਐਲ ਜੀ ਐੱਸ) | ਤੁਹਾਡੇ ਆਂਡਿਆਂ ਜਾਂ ਵੀਰਜ ਕਣਾਂ ਨੂੰ ਸਟੋਰ ਕਰਨ ਦਾ ਸਮਾਂ ਵਧਾਉਣ ਲਈ ਤੁਹਾਡੀ ਰਜ਼ਾਮੰਦੀ ਲੈਣਾ |
| ES (ਈ ਐੱਸ) | ਤੁਹਾਡੇ ਭਰੂਣ ਨੂੰ ਸਟੋਰ ਕਰਨ ਦਾ ਸਮਾਂ ਵਧਾਉਣ ਲਈ ਤੁਹਾਡੀ ਰਜ਼ਾਮੰਦੀ ਲੈਣਾ |

### ਦਾਨ ਦੇਣਾ

| | |
|---|---|
| MD (ਐਮ ਡੀ) | ਤੁਹਾਡੇ ਦਾਨ ਕੀਤੇ ਵੀਰਜ ਕਣਾਂ ਨੂੰ ਵਰਤਣ ਅਤੇ ਸਟੋਰ ਕਰਨ ਲਈ ਤੁਹਾਡੀ ਰਜ਼ਾਮੰਦੀ ਲੈਣਾ |
| WD (ਡਬਲਯੂ ਡੀ) | ਤੁਹਾਡੇ ਦਾਨ ਕੀਤੇ ਆਂਡਿਆਂ ਨੂੰ ਵਰਤਣ ਅਤੇ ਸਟੋਰ ਕਰਨ ਲਈ ਤੁਹਾਡੀ ਰਜ਼ਾਮੰਦੀ ਲੈਣਾ |
| ED (ਈ ਡੀ) | ਤੁਹਾਡੇ ਦਾਨ ਕੀਤੇ ਭਰੂਣ ਨੂੰ ਵਰਤਣ ਅਤੇ ਸਟੋਰ ਕਰਨ ਲਈ ਤੁਹਾਡੀ ਰਜ਼ਾਮੰਦੀ ਲੈਣਾ |

### ਸਰੋਗੇਸੀ (ਪਰਾਈ ਕੁੱਖ ਤੋਂ ਬੱਚਾ ਪੈਦਾ ਕਰਨਾ)

| | |
|---|---|
| MSG (ਐਮ ਐੱਸ ਜੀ) | ਤੁਹਾਡੇ ਵੀਰਜ ਕਣਾਂ ਜਾਂ ਭਰੂਣ ਨੂੰ ਸਰੋਗੇਸੀ ਲਈ ਵਰਤਣ ਅਤੇ ਸਟੋਰ ਕਰਨ ਲਈ ਤੁਹਾਡੀ ਰਜ਼ਾਮੰਦੀ ਲੈਣਾ |
| WSG (ਡਬਲਯੂ ਐੱਸ ਜੀ) | ਤੁਹਾਡੇ ਆਂਡਿਆਂ ਜਾਂ ਭਰੂਣ ਨੂੰ ਸਰੋਗੇਸੀ ਲਈ ਵਰਤਣ ਅਤੇ ਸਟੋਰ ਕਰਨ ਲਈ ਤੁਹਾਡੀ ਰਜ਼ਾਮੰਦੀ ਲੈਣਾ |

### ਰਜ਼ਾਮੰਦੀ ਵਾਪਸ ਲੈਣਾ

| | |
|---|---|
| WC (ਡਬਲਯੂ ਸੀ) | ਰਜ਼ਾਮੰਦੀ ਵਾਪਸ ਲੈਣ ਜਾਂ ਰਜ਼ਾਮੰਦੀ ਨਾ ਦੇਣ ਬਾਰੇ ਦੱਸਣਾ |

## ਜਾਣਕਾਰੀ ਹੋਰਨਾਂ ਨੂੰ ਦੇਣ ਬਾਰੇ ਰਜ਼ਾਮੰਦੀ

ਐਚ ਐਫ਼ ਈ ਐਕਟ 1990 (ਸੋਧੇ ਹੋਏ) ਦੇ ਤਹਿਤ ਇਹ ਲਾਜ਼ਮੀ ਹੈ ਕਿ ਕਿਸੇ ਵਿਅਕਤੀ ਜਾਂ ਉਹਦੇ ਸਾਥੀ/ਸਾਥਣ ਦੇ ਇਲਾਜ, ਅਤੇ ਵੀਰਜ ਕਣਾਂ ਅਤੇ ਭਰੂਣ ਨੂੰ ਸਟੋਰ ਕਰਨ ਜਾਂ ਦਾਨ ਦੇਣ ਬਾਰੇ ਅਜਿਹੀ ਜਾਣਕਾਰੀ ਜਿਹਤੋਂ ਕਿਸੇ ਵਿਅਕਤੀ ਦੀ ਪਛਾਣ ਹੋ ਸਕੇ, ਉਹ ਜਾਣਕਾਰੀ ਕਿਸੇ ਤੀਸਰੀ ਧਿਰ (ਜਿਵੇਂ ਕਿ ਖੋਜ ਕਰਤੇ ਜਾਂ ਮਰੀਜ਼ਾਂ ਦੇ ਜੀ ਪੀ ਡਾਕਟਰ) ਨੂੰ ਸੰਬੰਧਤ ਵਿਅਕਤੀ ਤੋਂ ਰਜ਼ਾਮੰਦੀ ਲਏ ਬਿਨਾਂ ਨਹੀਂ ਦਿੱਤੀ ਜਾ ਸਕਦੀ – ਸਿਹਤ ਬਾਰੇ ਕਿਸੇ ਹੰਗਾਮੀ ਹਾਲਤ ਨੂੰ ਛੱਡ ਕੇ। ਇਹ ਰਜ਼ਾਮੰਦੀ ਹੇਠ ਲਿਖੇ ਫ਼ਾਰਮਾਂ ਨਾਲ ਲਈ ਜਾਂਦੀ ਹੈ:

CD (ਸੀ ਡੀ) ਪਛਾਣ ਕਰਵਾ ਸਕਣ ਵਾਲੀ ਜਾਣਕਾਰੀ ਹੋਰਨਾਂ ਨੂੰ ਦੇਣ ਲਈ ਤੁਹਾਡੀ ਰਜ਼ਾਮੰਦੀ

## ਕਲਿਨਿਕਾਂ ਦੇ ਕੰਮਾਂ ਲਈ

ਸੀ ਡੀ ਫ਼ਾਰਮ ਦਾ ਸੈਕਸ਼ਨ 3 ਕਲਿਨਿਕਾਂ ਵਲੋਂ ਹੋਰਨਾਂ ਨੂੰ ਦਿੱਤੀ ਜਾਣ ਵਾਲੀ ਜਾਣਕਾਰੀ ਬਾਰੇ ਹੈ। ਕੋਈ ਮਰੀਜ਼ ਕਲਿਨਿਕਾਂ ਨੂੰ ਇਜਾਜ਼ਤ ਦੇ ਸਕਦਾ/ਸਕਦੀ ਹੈ ਕਿ ਕਲਿਨਿਕ ਉਹਦੇ ਜਾਂ ਉਹਦੇ ਸਾਥੀ/ਸਾਥਣ ਦੇ ਇਲਾਜ, ਵੀਰਜ ਕਣ ਅਤੇ/ਜਾਂ ਭਰੂਣ ਸਟੋਰ ਕਰਨ ਜਾਂ ਦਾਨ ਦੇਣ ਬਾਰੇ ਜਾਣਕਾਰੀ ਹੋਰਨਾਂ ਨੂੰ ਦੇ ਸਕਦੇ ਹਨ। ਇਹ ਜਾਣਕਾਰੀ ਉਹਦੇ ਜੀ ਪੀ, ਜਾਂ ਸਿਹਤ ਦਾ ਇਲਾਜ ਕਰਨ ਵਾਲੇ ਹੋਰ ਕਰਮਚਾਰੀਆਂ ਨੂੰ (ਚੰਗੇ ਤੋਂ ਚੰਗਾ ਇਲਾਜ ਕਰਨ ਵਿਚ ਮਦਦ ਦੇਣ ਲਈ) ਅਤੇ/ਜਾਂ ਲੇਖਾ ਜੋਖਾ ਕਰਨ ਵਾਲੇ ਸਟਾਫ਼ ਨੂੰ (ਸੈਂਟਰ ਦੇ ਲਾਈਸੰਸ ਸ਼ੁਦਾ ਕੰਮਾਂ ਨਾਲ ਸੰਬੰਧਤ ਆਪਣੇ ਨਿਸ਼ਚਿਤ ਕੰਮ ਕਰਨ ਲਈ) ਦਿੱਤੀ ਜਾ ਸਕਦੀ ਹੈ।

## ਖੋਜ ਪੜਤਾਲ ਦੇ ਕੰਮਾਂ ਲਈ

ਸੈਕਸ਼ਨ 4 ਐਚ ਐਫ਼ ਈ ਏ ਦੇ ਰਜਿਸਟਰ ਵਿਚ ਰੱਖੀ ਜਾਣਕਾਰੀ ਬਾਰੇ ਹੈ। ਮਰੀਜ਼ ਚਾਹੇ ਤਾਂ ਐਚ ਐਫ਼ ਈ ਏ ਨੂੰ ਇਜਾਜ਼ਤ ਦੇ ਸਕਦਾ/ਸਕਦੀ ਹੈ ਕਿ ਉਹਦੇ ਸਾਥੀ/ਸਾਥਣ ਦੇ ਇਲਾਜ ਬਾਰੇ ਜਾਂ ਉਹਨਾਂ ਦੇ ਵੀਰਜ ਕਣਾਂ ਅਤੇ/ਜਾਂ ਭਰੂਣ ਦੇ ਸਟੋਰ ਕੀਤੇ ਜਾਣ ਬਾਰੇ ਜਾਣਕਾਰੀ ਐਚ ਐਫ਼ ਈ ਏ ਹੋਰਨਾਂ ਨੂੰ ਦੇ ਸਕੇ।

ਇਸ ਰਜ਼ਾਮੰਦੀ ਜਾਂ ਇਜਾਜ਼ਤ ਦਾ ਮੰਤਵ ਖੋਜ ਕਰਤਾਵਾਂ ਨੂੰ ਇਸ ਯੋਗ ਬਣਾਉਣਾ ਹੈ ਕਿ ਉਹ ਲੋਕਾਂ ਦੇ ਇਲਾਜ ਬਾਰੇ ਜਾਂ ਸਟੋਰ ਕੀਤੇ ਜਾਣ ਬਾਰੇ ਜਾਣਕਾਰੀ ਦੀ ਵਰਤੋਂ ਇਹ ਪਤਾ ਲਾਉਣ ਲਈ ਕਰ ਸਕਣ ਕਿ ਫ਼ਰਟਿਲਿਟੀ ਇਲਾਜ ਕਿੰਨੇ ਕੁ ਸੁਰੱਖਿਅਤ ਅਤੇ ਅਸਰਦਾਈ ਹਨ।

ਜਦ ਵੀ ਹੋ ਸਕੇ, ਖੋਜ ਪੜਤਾਲ ਲਈ ਵਰਤੀ ਜਾਣ ਵਾਲੀ ਜਾਣਕਾਰੀ ਵਿਚੋਂ ਲੋਕਾਂ ਦੇ ਨਾਂ ਕੱਢੇ ਜਾਣਗੇ, ਪਰ ਕਦੇ ਕਦਾਈਂ ਖੋਜ ਕਰਤਾਵਾਂ ਨੂੰ ਵੱਖ ਵੱਖ ਜਾਣਕਾਰੀ ਦੀਆਂ ਦੋ ਵੱਖ ਵੱਖ ਜਾਣਕਾਰੀ ਸ਼ੀਟਾਂ ਦੀ ਤੁਲਨਾ (ਜਿਵੇਂ ਕਿ ਐਚ ਐਫ਼ ਈ ਏ ਦੇ ਆਈ ਵੀ ਐਫ਼ ਰਜਿਸਟਰ ਅਤੇ ਆਮ ਕੈਂਸਰ ਦੇ ਰਜਿਸਟਰ ਦੀ ਤੁਲਨਾ) ਕਰਨ ਲਈ ਲੋਕਾਂ ਦੀ ਪਛਾਣ ਕਰਵਾ ਸਕਣ ਵਾਲੀ ਜਾਣਕਾਰੀ (ਜਿਵੇਂ ਨਾਂ ਜਾਂ ਜਨਮ ਤਾਰੀਖ਼) ਦੀ ਵਰਤੋਂ ਕਰਨੀ ਪੈ ਜਾਂਦੀ ਹੈ। ਇਹਦੇ ਨਾਲ ਖੋਜ ਕਰਤਾ ਆਈ ਐਫ਼ ਵੀ ਦੇ ਮਰੀਜ਼ਾਂ ਦੀ ਸਿਹਤ ਵਿਚ ਆ ਰਹੀਆਂ ਤਬਦੀਲੀਆਂ ਬਾਰੇ ਖੋਜ ਕਰ ਸਕਦੇ ਹਨ। ਹੋਰ ਗੱਲ ਇਹ ਵੀ ਹੈ ਕਿ ਇਹਦੇ ਨਾਲ ਆਈ ਵੀ ਐਫ਼ ਦੇ ਢੰਗ ਰਾਹੀਂ ਬੱਚੇ ਪੈਦਾ ਕਰਨ ਦੇ ਨਤੀਜਿਆਂ ਬਾਰੇ, ਜਾਂ ਇਸ ਗੱਲ ਬਾਰੇ ਖੋਜ ਪੜਤਾਲ ਕਰ ਸਕਦੇ ਹਨ ਕਿ ਕਿਹੜੀਆਂ ਗੱਲਾਂ ਕਾਰਣ ਆਈ ਵੀ ਐਫ਼ ਕਾਮਯਾਬ ਹੋ ਸਕਦਾ ਹੈ ਜਾਂ ਨਹੀਂ (ਮਿਸਾਲ ਵਜੋਂ, ਕੀ ਸਿਗਰਟ ਪੀਣਾ ਬੰਦ ਕਰਨ ਦਾ ਅਸਰ ਆਈ ਵੀ ਐਫ਼ ਦੇ ਕਾਮਯਾਬ ਹੋਣ ਦੀ ਦਰ 'ਤੇ ਪੈਂਦਾ ਹੈ?)।

ਐਚ ਐਫ਼ ਈ ਏ ਦੇ ਰਜਿਸਟਰ ਵਿਚਲੀ ਜਾਣਕਾਰੀ ਵਿਚ ਮਰੀਜ਼ਾਂ ਬਾਰੇ, ਉਹਨਾਂ ਦੇ ਇਲਾਜ ਬਾਰੇ ਅਤੇ ਇਲਾਜ ਦੇ ਨਤੀਜਿਆਂ ਬਾਰੇ ਜਾਣਕਾਰੀ ਵੀ ਸ਼ਾਮਿਲ ਹੁੰਦੀ ਹੈ। ਜਦ ਵੀ ਖੋਜ ਕਰਤਾ ਨਿਜੀ ਜਾਣਕਾਰੀ ਦੇਖਦੇ ਹਨ ਇਹ ਕੰਮ ਉਹਨਾਂ ਨੂੰ ਮਿਲੀ ਜਾਣਕਾਰੀ ਦੀ ਹਿਫ਼ਾਜ਼ਤ ਕਰਨ ਜਾਂ ਦੇਖਣ ਦੇ ਸਖ਼ਤ ਨਿਯਮਾਂ ਅਨੁਸਾਰ ਕੀਤਾ ਜਾਂਦਾ ਹੈ। ਜਦ ਖੋਜ ਕਰਤਾ ਆਪਣੀ ਖੋਜ ਨੂੰ ਪ੍ਰਕਾਸ਼ਿਤ ਕਰਦੇ ਹਨ ਤਾਂ ਉਹ ਯਕੀਨੀ ਬਣਾਉਂਦੇ ਹਨ ਜਿਹਨਾਂ ਲੋਕਾਂ ਬਾਰੇ ਜਾਣਕਾਰੀ ਦੀ ਵਰਤੋਂ ਕੀਤੀ ਗਈ ਸੀ, ਉਹਨਾਂ ਵਿਚੋਂ ਕਿਸੇ ਦੀ ਵੀ ਪਛਾਣ ਨਾ ਹੋ ਸਕੇ।

ਦਾਨ ਦੇਣ ਵਾਲਿਆਂ ਅਤੇ ਦਾਨ ਕੀਤੇ ਵੀਰਜ ਕਣਾਂ ਅਤੇ ਭਰੂਣਾਂ ਦੀ ਵਰਤੋਂ ਕਰਨ ਵਾਲਿਆਂ ਨੂੰ ਖੋਜ ਪੜਤਾਲ ਦੇ ਕੰਮ ਲਈ ਰਜ਼ਾਮੰਦੀ ਦੇਣ ਲਈ ਨਹੀਂ ਆਖਿਆ ਜਾਂਦਾ। ਦਾਨ ਕੀਤੇ ਗਏ ਵੀਰਜ ਕਣਾਂ ਅਤੇ ਭਰੂਣਾਂ ਦੀ ਮਦਦ ਨਾਲ ਕੀਤੇ ਇਲਾਜਾਂ ਬਾਰੇ ਜਾਣਕਾਰੀ ਸਿਰਫ਼ ਨਾਂ ਦੱਸੇ ਬਿਨਾਂ ਹੀ ਦਿੱਤੀ ਜਾਏਗੀ।

1 ਮਈ 2010 ਤੋਂ ਬਾਅਦ, ਇਲਾਜ ਕਰਵਾਉਣ ਵਾਲੇ/ਵਾਲੀ ਹਰ ਵਿਅਕਤੀ ਲਈ ਸੀ ਡੀ ਫ਼ਾਰਮ ਭਰਨਾ ਲਾਜ਼ਮੀ ਹੈ (ਜੇ ਉਹਨੇ ਪਹਿਲਾਂ ਇਹ ਨਹੀਂ ਭਰਿਆ), ਭਾਵੇਂ ਉਹ ਕਿਸੇ ਕਲਿਨਿਕ ਵਿਚ ਇਲਾਜ ਲਈ ਕਿਸੇ ਵੇਲੇ ਵੀ ਰਜਿਸਟਰ ਹੋਇਆ/ਹੋਈ ਹੋਵੇ।

## ਮਾਪੇ ਬਣਨ ਲਈ ਰਜ਼ਾਮੰਦੀ

ਜਦ ਫ਼ਰਟਿਲਿਟੀ ਇਲਾਜ ਵਿਚ ਦਾਨ ਕੀਤੇ ਵੀਰਜ ਕਣਾਂ ਜਾਂ ਕਿਸੇ ਦਾਨੀ ਦੇ ਭਰੂਣ ਦੀ ਵਰਤੋਂ ਰਾਹੀਂ ਤਿਆਰ ਕੀਤਾ ਭਰੂਣ ਸ਼ਾਮਿਲ ਹੋਵੇ, ਤਦ ਐਚ ਐਫ਼ ਈ ਐਕਟ 2008 ਅਨੁਸਾਰ ਇਹ ਲਾਜ਼ਮੀ ਹੈ ਕਿ ਲਾਈਸੰਸਸ਼ੁਦਾ ਸੈਂਟਰ ਕਾਨੂੰਨੀ ਮਾਪੇ ਬਣਨ ਬਾਰੇ ਲਿਖਤੀ ਰਜ਼ਾਮੰਦੀ ਲਏ। ਵੱਖ ਵੱਖ ਕਿਸਮ ਦੀ ਰਜ਼ਾਮੰਦੀ ਦੀ ਲੋੜ ਪੈਂਦੀ ਹੈ ਜੋ ਇਸ ਗੱਲ 'ਤੇ ਨਿਰਭਰ ਹੁੰਦੀ ਹੈ ਕਿ ਮਰੀਜ਼ ਵਿਆਹੁਤਾ/ਜਾਂ ਸਿਵਿਲ ਪਾਰਟਰਸ਼ਿਪ ਵਿਚ ਹੈ ਜਾਂ ਵਿਆਹੁਤਾ ਨਹੀਂ/ਜਾਂ ਸਿਵਿਲ ਪਾਰਟਨਰਸ਼ਿਪ ਵਿਚ ਨਹੀਂ। ਇਹਦੇ ਬਾਰੇ ਜਾਣਕਾਰੀ ਤੁਸੀਂ ਇਸ ਵੈੱਬਸਾਈਟ ਤੋਂ ਲਓ - www.hfea.gov.uk

ਐਚ ਐਫ਼ ਈ ਏ ਨੇ ਸੈਂਟਰਾਂ ਨੂੰ ਹੇਠ ਲਿਖੇ ਫ਼ਾਰਮ ਦਿੱਤੇ ਹੋਏ ਹਨ, ਤਾਂਕਿ ਮਰੀਜ਼ ਅਤੇ ਉਹਨਾਂ ਦੇ ਸਾਥੀ ਮਾਪੇ ਬਣਨ ਲਈ ਸਹੀ ਕਿਸਮ ਦੀ ਰਜ਼ਾਮੰਦੀ ਦੇ ਸਕਣ:

| | |
|---|---|
| PP (ਪੀ ਪੀ) | ਕਾਨੂੰਨੀ ਮਾਂ/ਬਾਪ ਬਣਨ ਲਈ ਤੁਹਾਡੀ ਰਜ਼ਾਮੰਦੀ |
| WP (ਡਬਲਯੂ ਪੀ) | ਤੁਹਾਡੇ ਸਾਥੀ/ਸਾਥਣ ਦੇ ਕਾਨੂੰਨੀ ਮਾਂ/ਬਾਪ ਬਣਨ ਲਈ ਤੁਹਾਡੀ ਰਜ਼ਾਮੰਦੀ |
| WC (ਡਬਲਯੂ ਸੀ) | ਤੁਹਾਡੀ ਰਜ਼ਾਮੰਦੀ ਵਾਪਸ ਲੈਣਾ ਜਾਂ ਤੁਹਾਡੀ ਰਜ਼ਾਮੰਦੀ ਨਾ ਦੇਣ ਬਾਰੇ ਦੱਸਣਾ |

## ਰਜ਼ਾਮੰਦੀ ਵਾਪਸ ਲੈਣਾ ਜਾਂ ਉਸ ਵਿਚ ਤਬਦੀਲੀ ਕਰਨਾ

ਕੋਈ ਵਿਅਕਤੀ ਆਂਡਿਆਂ, ਵੀਰਜ ਕਣਾਂ ਜਾਂ ਭਰੂਣ ਦੇ ਵਰਤੇ ਜਾਣ ਵੇਲੇ ਤਕ ਆਪਣੀ ਰਜ਼ਾਮੰਦੀ ਨੂੰ ਬਦਲ ਸਕਦਾ/ਸਕਦੀ ਹੈ, ਜਾਂ ਉਸ ਵਿਚ ਤਬਦੀਲੀ ਕਰ ਸਕਦਾ/ਸਕਦੀ ਹੈ। ਆਂਡੇ, ਵੀਰਜ ਕਣ ਅਤੇ ਭਰੂਣ ਤਦ ਵਰਤੇ ਗਏ ਮੰਨੇ ਜਾਂਦੇ ਹਨ ਜਦ ਉਹ:

- ਕਿਸੇ ਔਰਤ ਦੇ ਸਰੀਰ ਵਿਚ ਪਾ ਦਿੱਤੇ ਜਾਣ
- ਕਿਸੇ ਖੋਜ ਪੜਤਾਲ ਦੇ ਪ੍ਰਾਜੈਕਟ ਵਿਚ ਵਰਤ ਲਏ ਜਾਣ (ਜਿਹਦੀ ਪਰਿਭਾਸ਼ਾ ਹੈ – ਖੋਜ ਕਰਤਾਵਾਂ ਦੇ ਕੰਟ੍ਰੋਲ ਵਿਚ ਹੋਣਾ ਅਤੇ ਖੋਜ ਪੜਤਾਲ ਦੇ ਕੰਮ ਲਈ ਇਹਨਾਂ ਨੂੰ ਤਿਆਰ ਕੀਤਾ ਜਾਣਾ)
- ਸਿਖਲਾਈ ਲਈ ਵਰਤੇ ਜਾਣ (ਜਿਹਦੀ ਪਰਿਭਾਸ਼ਾ ਹੈ – ਸਿਖਲਾਈ ਵਾਲਿਆਂ ਦੇ ਕੰਟ੍ਰੋਲ ਵਿਚ ਹੋਣਾ), ਜਾਂ
- ਨਸ਼ਟ ਹੋ ਲੈਣ ਦਿੱਤੇ ਜਾਣ।

ਰਜ਼ਾਮੰਦੀ ਵਾਪਣ ਲੈਣ ਲਈ ਫ਼ਾਰਮ WC (ਡਬਲਯੂ ਸੀ) ਭਰਿਆ ਜਾ ਸਕਦਾ ਹੈ, ਜਾਂ ਕਿਸੇ ਹੋਰ ਢੰਗ ਨਾਲ ਲਿਖਤੀ ਰੂਪ ਵਿਚ ਦੱਸਿਆ ਜਾ ਸਕਦਾ ਹੈ।

ਜਦ ਕਿਸੇ ਵਿਅਕਤੀ ਨੇ ਰਜ਼ਾਮੰਦੀ ਵਿਚ ਬਦਲਾਵ ਕਰਨਾ ਹੋਵੇ, ਤਾਂ ਉਹਨੂੰ ਨਵਾਂ ਫ਼ਾਰਮ ਭਰਨਾ ਚਾਹੀਦਾ ਹੈ। ਮਿਸਾਲ ਵਜੋਂ, ਜੇ ਸਟੋਰ ਕੀਤੇ ਵੀਰਜ ਕਣਾਂ ਵਾਲੇ ਵਿਅਕਤੀ ਨੇ ਆਪਣੀ ਮੌਤ ਮਗਰੋਂ ਵੀਰਜ ਕਣਾਂ ਦੀ ਵਰਤੋਂ ਲਈ ਦਿੱਤੀ ਰਜ਼ਾਮੰਦੀ ਵਾਪਸ ਲੈਣ ਲਈ ਫ਼ਾਰਮ ਡਬਲਯੂ ਸੀ ਭਰਨਾ ਹੈ, ਤਾਂ ਨਵਾਂ MT (ਐਮ ਟੀ) ਫ਼ਾਰਮ ਭਰਿਆ ਜਾਣਾ ਚਾਹੀਦਾ ਹੈ।

## ਹਾਲਾਤ ਬਦਲਣਾ

ਮਰੀਜ਼ਾਂ ਅਤੇ ਦਾਨੀਆਂ ਨੂੰ ਚਾਹੀਦਾ ਹੈ ਕਿ ਜੇ ਉਹਨਾਂ ਦੇ ਹਾਲਾਤ ਵਿਚ ਕੋਈ ਤਬਦੀਲੀ ਆ ਜਾਏ, ਜਿਵੇਂ ਪਤਾ ਜਾਂ ਸਾਥੀ/ਸਾਥਣ ਬਦਲ ਜਾਣਾ, ਤਾਂ ਉਹ ਇਹਦੇ ਬਾਰੇ ਸੈਂਟਰ ਨੂੰ ਦੱਸਣ। ਮਰੀਜ਼ਾਂ ਅਤੇ ਦਾਨੀਆਂ ਨੂੰ ਇਹ ਵਿਚਾਰ ਵੀ ਕਰਨਾ ਚਾਹੀਦਾ ਹੈ ਕਿ ਜੇ ਉਹਨਾਂ ਦੀ ਮੌਤ ਹੋ ਜਾਏ ਜਾਂ ਉਹ ਮਾਨਿਸਕ ਤੌਰ 'ਤੇ ਅਸਮਰਥ ਹੋ ਜਾਣ, ਤਾਂ ਉਹ ਆਪਣੇ ਆਂਡਿਆਂ, ਵੀਰਜ ਕਣਾਂ ਜਾਂ ਭਰੂਣਾਂ ਦਾ ਕੀ ਕਰਵਾਉਣਾ ਚਾਹੁਣਗੇ?

ਉਹਨਾਂ ਦੀ ਮੌਤ ਜਾਂ ਮਾਨਸਿਕ ਅਸਮਰਥਤਾ ਹੋਣ ਮਗਰੋਂ ਉਹਨਾਂ ਦੇ ਆਂਡਿਆਂ, ਵੀਰਜ ਕਣਾਂ ਜਾਂ ਭਰੂਣਾਂ ਨੂੰ ਸਟੋਰ ਕਰਨ ਲਈ ਰਜ਼ਾਮੰਦੀ ਦਿੱਤੀ ਜਾ ਸਕਦੀ ਹੈ। ਜੇ ਕੋਈ ਰਜ਼ਾਮੰਦੀ ਨਾ ਦਿੱਤੀ ਜਾਏ, ਤਾਂ ਆਂਡਿਆਂ, ਵੀਰਜ ਕਣਾਂ ਜਾਂ ਭਰੂਣਾਂ ਨੂੰ ਨਸ਼ਟ ਹੋਣ ਦਿੱਤਾ ਜਾਏਗਾ।

## ਸਲਾਹ ਮਸ਼ਵਰਾ ਅਤੇ ਜਾਣਕਾਰੀ

ਕਿਸੇ ਵੀ ਰਜ਼ਾਮੰਦੀ ਦੇ ਫ਼ਾਰਮ ਭਰਨ ਤੋਂ ਪਹਿਲਾਂ ਰਜ਼ਾਮੰਦੀ ਦੇਣ ਵਾਲੇ/ਵਾਲੀ ਨੂੰ ਉਠਾਏ ਜਾਣ ਵਾਲੇ ਕਦਮਾਂ ਦੇ ਨਤੀਜਿਆਂ ਬਾਰੇ ਸਹੀ ਸਲਾਹ ਮਸ਼ਵਰਾ ਲਾਜ਼ਮੀ ਤੌਰ 'ਤੇ ਮਿਲਣਾ ਚਾਹੀਦਾ ਹੈ, ਅਤੇ ਸਾਰੀ ਸੰਬੰਧਤ ਜਾਣਕਾਰੀ ਅਤੇ ਐਚ ਐਫ਼ ਈ ਦੇ ਕੰਮ ਕਾਜ ਦੇ ਨਿਯਮਾਂ ਬਾਰੇ ਪੂਰੀ ਜਾਣਕਾਰੀ ਲਾਜ਼ਮੀ ਤੌਰ 'ਤੇ ਮਿਲਣੀ ਚਾਹੀਦੀ ਹੈ। ਇਹ ਕਾਨੂੰਨੀ ਸ਼ਰਤ ਸਮਝਾਉਣ ਵੇਲੇ ਸੈਂਟਰ ਕੰਮ ਕਾਜ ਦੇ ਨਿਯਮਾਂ ਦਾ ਹਵਾਲਾ ਦੇ ਸਕਦੇ ਹਨ।

## ਰਜ਼ਾਮੰਦੀ ਨੂੰ ਸੀਮਿਤ ਕਰਨਾ

ਕੋਈ ਵਿਅਕਤੀ ਆਪਣੇ ਆਂਡਿਆਂ, ਵੀਰਜ ਕਣਾਂ ਜਾਂ ਭਰੂਣਾਂ ਨੂੰ ਸਟੋਰ ਕਰਨ ਅਤੇ ਵਰਤਣ ਦੀ ਰਜ਼ਾਮੰਦੀ ਨੂੰ ਸੀਮਿਤ ਕਰ ਸਕਦਾ/ਸਕਦੀ ਹੈ। ਮਿਸਾਲ ਵਜੋਂ, ਕੋਈ ਦਾਨੀ ਇਹ ਕਹਿ ਸਕਦਾ/ਸਕਦੀ ਹੈ ਕਿ ਉਹਨਾਂ ਦੇ ਦਾਨ ਦੀ ਵਰਤੋਂ ਕਿਸੇ ਜਾਣ ਪਛਾਣ ਵਾਲੇ/ਵਾਲੀ ਮਰੀਜ਼ ਦੇ ਇਲਾਜ ਲਈ ਹੀ ਕੀਤੀ ਜਾ ਸਕਦੀ ਹੈ। ਸੀਮਿਤ ਕਰਨ ਵਾਲੀਆਂ ਸ਼ਰਤਾਂ ਰਜ਼ਾਮੰਦੀ ਫ਼ਾਰਮ 'ਤੇ ਜਾਂ ਉਹਦੇ ਨਾਲ ਲਾਏ ਕਿਸੇ ਕਾਗ਼ਜ਼ 'ਤੇ ਲਿਖ ਕੇ, ਦਸਤਖ਼ਤ ਕਰ ਕੇ ਅਤੇ ਤਾਰੀਖ਼ ਪਾ ਕੇ ਦੱਸੀਆਂ ਜਾ ਸਕਦੀਆਂ ਹਨ।

## ਦਾਨ ਕਰਨਾ

ਕਿਸੇ ਹੋਰ ਵਿਅਕਤੀ ਦੇ ਇਲਾਜ, ਖੋਜ ਪੜਤਾਲ ਜਾਂ ਸਿਖਲਾਈ ਦੇ ਕੰਮਾਂ ਲਈ ਆਂਡਿਆਂ, ਵੀਰਜ ਕਣਾਂ ਜਾਂ ਭਰੂਣਾਂ ਨੂੰ ਦਾਨ ਕਰਨ ਲਈ, ਦਾਨੀਆਂ ਨੂੰ ਸਹੀ ਵਿਅਕਤੀ ਹੋਣ ਦੀਆਂ ਕੁਝ ਨਿਸ਼ਚਿਤ ਸ਼ਰਤਾਂ ਦਾ ਪਾਲਣ ਕਰਨਾ ਪੈਂਦਾ ਹੈ, (ਜਿਵੇਂ ਕਿ ਉਮਰ ਦੀਆਂ ਸ਼ਰਤਾਂ ਅਤੇ ਸਕ੍ਰੀਨਿੰਗ ਟੈਸਟ)।

**ਇਲਾਜ ਲਈ ਦਾਨ ਕਰਨਾ** - ਉਹਨਾਂ ਲੋਕਾਂ ਦੇ ਇਲਾਜ ਲਈ ਆਂਡੇ, ਵੀਰਜ ਕਣ ਜਾਂ ਭਰੂਣ ਦਾਨ ਦੇਣ ਨਾਲ ਉਹਨਾਂ ਲੋਕਾਂ ਨੂੰ ਬੱਚੇ ਪੈਦਾ ਕਰਨ ਦਾ ਮੌਕਾ ਮਿਲ ਜਾਂਦਾ ਹੈ ਜਿਹੜੇ ਇਹਤੋਂ ਬਿਨਾਂ ਇਹ ਕੰਮ ਨਹੀਂ ਕਰ ਸਕਦੇ। ਇਹ ਕੰਮ ਸ਼ੁਰੂ ਕਰਨ ਤੋਂ ਪਹਿਲਾਂ, ਸੈਂਟਰਾਂ ਨੂੰ ਚਾਹੀਦਾ ਹੈ ਕਿ ਉਹ ਦਾਨ ਦੇਣ ਵਾਲੇ/ਵਾਲੀ ਨੂੰ ਉਹਨਾਂ ਲਾਜ਼ਮੀ ਸਕ੍ਰੀਨਿੰਗ ਟੈਸਟਾਂ ਬਾਰੇ ਅਤੇ ਮਾਪੇ ਬਣਨ ਅਤੇ ਅਜਿਹਾ ਦਾਨ ਦੇਣ ਬਾਰੇ ਸਭ ਕਾਨੂੰਨੀ ਮੁੱਦਿਆਂ ਬਾਰੇ ਜਾਣਕਾਰੀ ਦੇਣ। ਹੋਰ ਜਾਣਕਾਰੀ ਲੈਣ ਲਈ ਇਹ ਵੈੱਬਸਾਈਟ ਪੜ੍ਹੋ - www.hfea.gov.uk

**ਖੋਜ ਪੜਤਾਲ ਅਤੇ ਸਿਖਲਾਈ ਲਈ ਦਾਨ ਕਰਨਾ** - ਖੋਜ ਪੜਤਾਲ (ਜਿਵੇਂ ਗੰਭੀਰ ਰੋਗਾਂ ਅਤੇ ਉਹਨਾਂ ਦੇ ਇਲਾਜ ਬਾਰੇ ਗਿਆਨ ਵਿਚ ਵਾਧਾ ਕਰਨ ਲਈ) ਅਤੇ ਭਰੂਣ ਦੀ ਜਾਂਚ ਪੜਤਾਲ, ਸਟੋਰ ਕਰਨ ਅਤੇ ਭਰੂਣ ਨਾਲ ਸੰਬੰਧਤ ਹੋਰ ਕੰਮਾਂ ਬਾਰੇ ਸਿਖਲਾਈ ਦੇਣ ਲਈ ਆਂਡੇ, ਵੀਰਜ ਕਣ ਜਾਂ ਭਰੂਣ ਦਾਨ ਦੇਣ ਨਾਲ ਖੋਜ ਕਰਤਾਵਾਂ ਨੂੰ ਖੋਜ ਪੜਤਾਲ ਦਾ ਮੌਕਾ ਮਿਲਦਾ ਹੈ। ਇਹਦੇ ਬਾਰੇ ਦਾਨੀਆਂ ਤੋਂ ਰਜ਼ਾਮੰਦੀ ਲੈਣ ਤੋਂ ਪਹਿਲਾਂ, ਸੈਂਟਰਾਂ ਨੂੰ ਚਾਹੀਦਾ ਹੈ ਕਿ ਉਹ ਖ਼ਾਸ ਖੋਜ ਪ੍ਰਾਜੈਕਟਾਂ ਜਾਂ ਸਿਖਲਾਈ ਅਤੇ ਇਹਨਾਂ ਦੇ ਮੰਤਵਾਂ ਬਾਰੇ ਦਾਨੀਆਂ ਨੂੰ ਜਾਣਕਾਰੀ ਦੇਣ। ਖੋਜ ਪੜਤਾਲ ਅਤੇ ਸਿਖਲਾਈ ਲਈ ਦਾਨ ਦੇਣ ਬਾਰੇ ਹੋਰ ਜਾਣਕਾਰੀ ਇਸ ਵੈੱਬਸਾਈਟ ਤੋਂ ਲਓ - www.hfea.gov.uk

## ਵੀਰਜ ਕਣਾਂ ਜਾਂ ਆਂਡਿਆਂ ਅਤੇ ਭਰੂਣ ਦੀ ਵਰਤੋਂ ਦੀ ਸਿਖਲਾਈ ਦੇ ਕੰਮ ਲਈ ਕਰਨ ਦੀ ਰਜ਼ਾਮੰਦੀ

ਜਦ ਕੋਈ ਵਿਆਕਤੀ ਇਹ ਚਾਹੇ ਕਿ ਉਹਦੇ ਆਂਡੇ, ਵੀਰਜ ਕਣ ਜਾਂ ਭਰੂਣ ਸਿਖਲਾਈ ਦੇ ਕੰਮ ਲਈ ਵਰਤ ਲਏ ਜਾਣ, ਤਾਂ ਉਹਦੇ ਲਈ ਲਿਖਤੀ ਰਜ਼ਾਮੰਦੀ ਦੇਣਾ ਲਾਜ਼ਮੀ ਹੈ। ਇਸ ਕੰਮ ਬਾਰੇ ਆਮ ਤੌਰ 'ਤੇ ਵਿਚਾਰ ਉਸ ਵੇਲੇ ਕੀਤਾ ਜਾਂਦਾ ਹੈ ਜਦ ਆਂਡੇ, ਵੀਰਜ ਕਣ ਜਾਂ ਭਰੂਣ ਮਰੀਜ਼ ਦੇ ਇਲਾਜ ਦੀਆਂ ਲੋੜਾਂ ਤੋਂ ਵੱਧ ਹੋਣ, ਪਰ ਵੀਰਜ ਕਣ ਸਿਰਫ਼ ਸਿਖਲਾਈ ਦੇਣ ਲਈ ਵੀ ਇਕੱਠੇ ਕੀਤੇ ਜਾ ਸਕਦੇ ਹਨ।

ਸਿਖਲਾਈ ਦੇ ਜਿਹਨਾਂ ਕੰਮਾਂ ਲਈ ਭਰੂਣਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਉਹਨਾਂ ਦੀ ਲਿਸਟ ਐਚ ਐਫ਼ ਈ ਏ ਦੀ ਵੈੱਬਸਾਈਟ ਤੋਂ ਮਿਲ ਸਕਦੀ ਹੈ। ਸਿਖਲਾਈ ਦੇ ਜਿਹਨਾਂ ਕੰਮਾਂ ਲਈ ਵੀਰਜ ਕਣਾਂ ਅਤੇ ਆਂਡਿਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਉਹ ਹਰ ਕਲਿਨਿਕ ਦੀਆਂ ਲੋੜਾਂ ਅਨੁਸਾਰ ਵੱਖ ਵੱਖ ਹੋ ਸਕਦੇ ਹਨ।

ਮਰੀਜ਼ ਰਜ਼ਾਮੰਦੀ ਦੇਣ ਤੋਂ ਪਹਿਲਾਂ ਇਹਨਾਂ ਕੰਮਾਂ ਬਾਰੇ ਜਾਣਕਾਰੀ ਆਪਣੇ ਕਲਿਨਿਕ ਤੋਂ ਲੈ ਸਕਦੇ ਹਨ।

## ਕਲਿਨਿਕ ਵਿਚ ਰੱਖੀ ਜਾਣ ਵਾਲੀ ਜਾਣਕਾਰੀ

ਰਜ਼ਾਮੰਦੀ ਲੈਣ ਵਾਲੇ ਕਲਿਨਿਕ ਸਟਾਫ਼ ਨੂੰ ਚਾਹੀਦਾ ਹੈ ਕਿ ਉਹ ਮਰੀਜ਼ ਜਾਂ ਦਾਨੀ ਦਾ ਨੰਬਰ ਰਜ਼ਾਮੰਦੀ ਦੇ ਹਰ ਸਫ਼ੇ ਦੇ ਹੇਠਾਂ ਲਿਖੇ। ਜੇ ਕੋਈ ਸਫ਼ਾ ਵੱਖਰਾ ਹੋ ਜਾਏ, ਤਾਂ ਇਸ ਤਰ੍ਹਾਂ ਉਹਦੀ ਪਛਾਣ ਕੀਤੀ ਜਾ ਸਕਦੀ ਹੈ। ਪਰ, ਐਚ ਐਫ਼ ਈ ਏ ਸੈਂਟਰ ਦਾ ਨੰਬਰ, ਹੋਰ ਸੰਬੰਧਤ ਫ਼ਾਰਮ ਅਤੇ ਵੀਰਜ ਕਣਾਂ, ਆਂਡਿਆਂ ਅਤੇ ਭਰੂਣਾਂ ਦੇ ਸਟੋਰ ਕਰਨ ਬਾਰੇ ਜਾਣਕਾਰੀ ਲਿਖਣਾ ਉਹਨਾਂ ਦੀ ਆਪਣੀ ਮਰਜ਼ੀ ਹੈ।

### ਕੰਮ ਆਉਣ ਵਾਲੇ ਸੰਪਰਕ

**ਹਿਊਮਨ ਫ਼ਰਟਿਲਾਈਜ਼ੇਸ਼ਨ ਐਂਡ ਐਂਬ੍ਰਿਓਲੋਜੀ ਅਥਾਰਿਟੀ (Human Fertilisation and Embryology Authority)** – www.hfea.gov.uk

**ਬ੍ਰਿਟਿਸ਼ ਇਨਫ਼ਰਟਿਲਿਟੀ ਕੌਂਸਲਿੰਗ ਐਸੋਸੀਏਸ਼ਨ (British Infertility Counselling Association)** – www.bica.net

**ਇਨਫ਼ਰਟਿਲਿਟੀ ਨੈੱਟਵਰਕ ਯੂ ਕੇ (Infertility Network UK)** – www.infertilitynetworkuk.com

**ਨੈਸ਼ਨਲ ਗੈਮੀਟ ਡੋਨੇਸ਼ਨ ਟ੍ਰਸਟ (National Gamete Donation Trust)** – www.ngdt.co.uk

**ਡੋਨਰ ਕਨਸੈਪਸ਼ਨ ਨੈੱਟਵਰਕ (Donor Conception Network)** – www.dcnetwork.org

HUMAN FERTILISATION & EMBRYOLOGY AUTHORITY

# ਵਰਤੇ ਗਏ ਕੁਝ ਸ਼ਬਦਾਂ ਦਾ ਅਰਥ

**Counselling – ਸਲਾਹ ਮਸ਼ਵਰਾ**
ਇਹਦਾ ਮੰਤਵ ਮਰੀਜ਼ਾਂ ਜਾਂ ਦਾਨੀਆਂ ਅਤੇ ਉਹਨਾਂ ਦੇ ਸਾਥੀਆਂ ਫ਼ਰਟਿਲਿਟੀ (ਬੱਚੇ ਪੈਦਾ ਕਰਨ ਦੇ ਯੋਗ ਬਣਾਉਣ ਵਾਲੇ) ਇਲਾਜ ਦੇ ਨਤੀਜਿਆਂ ਬਾਰੇ ਸਮਝਣ ਵਿਚ ਮਦਦ ਦੇਣਾ ਅਤੇ ਇਸ ਇਲਾਜ ਦੇ ਨਤੀਜਿਆਂ ਨਾਲ ਨਿਪਟਣ ਲਈ ਜਜ਼ਬਾਤੀ ਮਦਦ ਦੇਣਾ ਹੈ।

**Donation – ਦਾਨ**
'ਦਾਨ' ਸ਼ਬਦ ਦਾ ਅਰਥ ਫ਼ਰਟਿਲਿਟੀ ਇਲਾਜ, ਖੋਜ ਪੜਤਾਲ ਜਾਂ ਸਿਖਲਾਈ ਦੇ ਕੰਮਾਂ ਲਈ ਵੀਰਜ ਕਣ, ਆਂਡੇ ਜਾਂ ਭਰੂਣ ਦਾਨ ਦੇਣਾ ਹੈ।

**Donor Insemination (DI) – ਦਾਨੀ ਦੇ ਵੀਰਜ ਕਣ ਦੇਣਾ (ਡੀ ਆਈ)**
ਦਾਨੀ ਦੇ ਵੀਰਜ ਕਣ ਯੋਨੀ, ਯੋਨੀ ਦੇ ਮੂੰਹ ਜਾਂ ਗਰਭ ਦੇ ਅੰਦਰ ਦਾਖ਼ਿਲ ਕਰਨਾ।

**Egg sharing – ਆਂਡੇ ਸਾਂਝੇ ਕਰਨਾ**
ਅਜਿਹਾ ਪ੍ਰਬੰਧ ਜਿਹਦੇ ਅਨੁਸਾਰ ਸਰੀਰ ਤੋਂ ਬਾਹਰ ਗਰਭ ਕਰਵਾਉਣ ਦਾ ਇਲਾਜ ਕਰਵਾਉਣ ਵਾਲੀ ਕੋਈ ਔਰਤ ਦੇ ਆਂਡੇ ਕੁਝ ਸਮਾਂ ਲਗਤਾਰ ਕੱਢੇ ਜਾਂਦੇ ਹਨ। ਫਿਰ ਉਹ ਇਹਨਾਂ ਆਂਡਿਆਂ ਵਿਚੋਂ ਕੁਝ ਦੀ ਵਰਤੋਂ ਆਪਣੇ ਇਲਾਜ ਲਈ ਕਰਦੀ ਹੈ ਅਤੇ ਬਾਕੀ ਦੇ ਆਂਡੇ ਕਿਸੇ ਹੋਰ ਔਰਤ ਦੇ ਇਲਾਜ ਲਈ ਦਾਨ ਕਰ ਦਿੰਦੀ ਹੈ। ਆਂਡੇ ਦਾਨ ਕਰਨ ਵਾਲੀ ਔਰਤ ਨੂੰ ਇਲਾਜ ਦੇ ਖ਼ਰਚ ਵਿਚ ਕੁਝ ਰਿਆਇਤ ਵਰਗਾ ਕੋਈ ਫ਼ਾਇਦਾ ਮਿਲ ਸਕਦਾ ਹੈ।

**Embryo – ਭਰੂਣ**
ਵੀਰਜ ਕਣ ਨਾਲ ਮਿਲਾਇਆ ਗਿਆ ਕੋਈ ਆਂਡਾ ਜੋ ਗਰਭ ਵਿਚ ਬੱਚਾ ਬਣਨ ਦੇ ਯੋਗ ਹੈ।

**Embryo freezing – ਭਰੂਣ ਫ਼੍ਰੀਜ਼ ਕਰਨਾ**
ਜਿਹਨਾਂ ਭਰੂਣਾਂ ਦੀ ਕਿਸੇ ਵੇਲੇ ਇਲਾਜ ਲਈ ਲੋੜ ਨਹੀਂ, ਉਹਨਾਂ ਨੂੰ ਅਗਾਂਹ ਵਰਤਣ ਲਈ ਫ਼੍ਰੀਜ਼ ਕਰਨਾ। ਫ਼੍ਰੀਜ਼ ਕਰਨ ਨੂੰ ਸਾਈਪੋਪ੍ਰਿਜ਼ਰਵੇਸ਼ਨ (cypopreservation) ਵੀ ਆਖਿਆ ਜਾਂਦਾ ਹੈ।

**Embryo storage – ਭਰੂਣ ਸਟੋਰ ਕਰਨਾ**
ਆਉਣ ਵਾਲੇ ਸਮੇਂ ਵਿਚ ਵਰਤਣ ਲਈ ਇਕ ਜਾਂ ਵੱਧ ਭਰੂਣਾਂ ਨੂੰ ਫ਼੍ਰੀਜ਼ ਕਰਨਾ।

**Embryo transfer – ਭਰੂਣ ਦਾ ਤਬਾਦਲਾ**
ਭਰੂਣ ਨੂੰ ਔਰਤ ਮਰੀਜ਼ ਦੇ ਸਰੀਰ ਵਿਚ ਫਿਰ ਤੋਂ ਰੱਖਣਾ।

**Gametes – ਗੇਮੀਟ**
ਮਰਦ ਦਾ ਵੀਰਜ ਕਣ ਜਾਂ ਔਰਤ ਦਾ ਆਂਡਾ ਜੋ ਆਪਸ ਵਿਚ ਮਿਲ ਕੇ ਗਰਭ ਕਣ (ਜ਼ਾਈਗੋਟ) ਬਣ ਸਕਦੇ ਹਨ।

**Gamete Intra Fallopian Transfer (GIFT) – ਫ਼ੈਲੋਪੀਅਨ ਟਿਊਬ ਵਿਚ ਗੈਮੀਟ ਰੱਖਣਾ**
ਅਜਿਹਾ ਢੰਗ ਜਿਹਦੇ ਨਾਲ ਔਰਤਾਂ ਦੇ ਆਂਡੇ ਕੱਢ ਕੇ, ਉਹਨਾਂ ਨੂੰ ਮਰਦ ਦੇ ਵੀਰਜ ਕਣਾਂ ਨਾਲ ਮਿਲਾ ਕੇ ਉਸੇ ਵੇਲੇ ਕਿਸੇ ਔਰਤ ਦੀ ਕਿਸੇ ਇਕ ਫ਼ੈਲੋਪੀਅਨ ਟਿਊਬ (ਗਰਭ ਤਕ ਜਾਣ ਵਾਲੀ ਨਲੀ) ਵਿਚ ਰੱਖੇ ਜਾਂਦੇ ਹਨ ਤਾਂਕਿ ਉਹ ਸਰੀਰ ਦੇ ਅੰਦਰ ਗਰਭ ਬਣਨ।

**Identifying information / Non-identifying information – ਪਛਾਣ ਕਰਵਾਉਣ / ਨਾ ਕਰਵਾਉਣ ਵਾਲੀ ਜਾਣਕਾਰੀ**
ਪਛਾਣ ਕਰਵਾਉਣ ਵਾਲੀ ਜਾਣਕਾਰੀ ਉਹ ਹੈ ਜਿਹਤੋਂ ਕਿਸੇ ਵਿਅਕਤੀ ਦੀ ਪਛਾਣ ਹੁੰਦੀ ਹੈ ਜਾਂ ਹੋ ਸਕਦੀ ਹੈ (ਜਿਵੇਂ ਨਾਂ ਜਾਂ ਜਨਮ ਤਾਰੀਖ਼)।

ਕਿਸੇ ਵਿਅਕਤੀ ਬਾਰੇ ਪਛਾਣ ਨਾ ਕਰਵਾਉਣ ਵਾਲੀ ਜਾਣਕਾਰੀ ਤੋਂ ਉਹਦੀ ਪਛਾਣ ਨਹੀਂ ਹੋ ਸਕਦੀ (ਜਿਵੇਂ ਵਾਲਾਂ ਦਾ ਰੰਗ ਜਾਂ ਨਸਲੀ ਮੂਲ)।

**Insemination – ਵੀਰਜ ਕਣ ਦਾਖ਼ਿਲ ਕਰਨਾ**
ਵੀਰਜ ਕਣਾਂ ਨੂੰ ਨਕਲੀ ਢੰਗ ਨਾਲ ਔਰਤ ਦੇ ਜਣੇਪਾ ਅੰਗਾਂ ਵਿਚ ਦਾਖ਼ਿਲ ਕਰਨਾ। ਇਸ ਕੰਮ ਲਈ ਤਾਜ਼ੇ ਕੱਢੇ ਜਾਂ ਫ਼੍ਰੀਜ਼ ਕੀਤੇ ਵੀਰਜ ਕਣਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

**Intra Uterine Insemination (IUI) – ਗਰਭ ਵਿਚ ਵੀਰਜ ਕਣ ਦਾਖ਼ਿਲ ਕਰਨਾ**
ਵੀਰਜ ਕਣਾਂ ਨੂੰ ਔਰਤ ਦੀ ਬੱਚੇਦਾਨੀ ਵਿਚ ਦਾਖ਼ਿਲ ਕਰਨਾ।

**In vitro – ਸਰੀਰ ਤੋਂ ਬਾਹਰ**
ਸਰੀਰ ਤੋਂ ਬਾਹਰ ਕੀਤਾ ਗਿਆ (ਜਿਵੇਂ ਲੇਬਾਰੇਟਰੀ ਵਿਚ)।

**In Vitro Fertilisation (IVF) – ਸਰੀਰ ਤੋਂ ਬਾਹਰ ਗਰਭ ਕਰਨਾ**
ਜਦ ਸਰੀਰ ਤੋਂ ਬਾਹਰ ਗਰਭ ਕਰਨ ਲਈ ਆਂਡਿਆਂ ਅਤੇ ਵੀਰਜ ਕਣਾਂ ਨੂੰ ਇਕੱਠੇ ਕਰਕੇ ਲੇਬਾਰੇਟਰੀ ਵਿਚ ਮਿਲਾਇਆ ਜਾਂਦਾ ਹੈ। ਇਸ ਤਰ੍ਹਾਂ ਸਿਰਜੇ ਗਏ ਭਰੂਣ ਫਿਰ ਔਰਤ ਮਰੀਜ਼ਾਂ ਦੇ ਅੰਦਰ ਰੱਖੇ ਜਾਂਦੇ ਹਨ।

**In vivo – ਸਰੀਰ ਦੇ ਅੰਦਰ**
ਸਰੀਰ ਦੇ ਅੰਦਰ ਕੀਤਾ ਗਿਆ।

**Surrogacy – ਸਰੋਗੇਸੀ**
ਜਦ ਕੋਈ ਔਰਤ ਕਿਸੇ ਪਰਾਏ ਵਿਅਕਤੀ ਲਈ ਉਹਦਾ ਬੱਚਾ ਪੈਦਾ ਕਰਦੀ ਹੈ। ਮੁਕੰਮਲ ਸਰੋਗੇਸੀ ਲਈ ਸਰੀਰ ਵਿਚ ਅਸਲ ਮਾਪਿਆਂ ਦੇ ਆਂਡੇ ਅਤੇ ਵੀਰਜ ਕਣਾਂ ਨਾਲ ਤਿਆਰ ਕੀਤਾ ਭਰੂਣ, ਜਾਂ ਦਾਨ ਕੀਤੇ ਆਂਡਿਆਂ ਅਤੇ ਅਸਲ ਪਿਤਾ ਦੇ ਵੀਰਜ ਕਣਾਂ ਨਾਲ ਤਿਆਰ ਕੀਤਾ ਗਿਆ ਭਰੂਣ, ਜਾਂ ਦਾਨ ਕੀਤੇ ਆਂਡਿਆਂ ਅਤੇ ਵੀਰਜ ਕਣਾਂ ਨਾਲ ਤਿਆਰ ਕੀਤਾ ਗਿਆ ਭਰੂਣ ਰੱਖਿਆ ਜਾਂਦਾ ਹੈ।

ਅੱਧੀ ਸਰੋਗੇਸੀ ਵਿਚ ਅਸਲ ਪਿਤਾ ਦੇ ਵੀਰਜ ਕਣ ਸਰੋਗੇਟ ਮਾਂ ਦੇ ਆਂਡੇ ਨਾਲ ਮਿਲਾਏ ਜਾਂਦੇ ਹਨ।

**Zygote – ਗਰਭ ਕਣ**
ਗਰਭ ਕਰਨ ਦੇ ਢੰਗ ਨਾਲ ਤਿਆਰ ਕੀਤਾ ਗਿਆ ਸੈੱਲ।